*ਵਿੱਤ ਵਿਭਾਗ*

# *ਨਿਊਜ਼ ਰਿਲੀਜ਼*

**ਮੰਤਰੀ ਓਲੀਵਰ** ਦਾ **ਸੰਤੁਲਤ ਬਜਟ**, ਨੌਕਰੀਆਂ ਲਈ ਘੱਟ ਟੈਕਸ ਯੋਜਨਾ

ਵਿਕਾਸ ਤੇ ਸੁਰੱਖਿਆ ਦਾ ਪ੍ਰਸਤਾਵ

**ਆਰਿਥਕ ਕਾਰਵਾਈ ਯੋਜਨਾ** 2015 **ਨੌਕਰੀਆਂ ਅਤੇ ਵਿਕਾਸ ਦਰ ਨੂੰ ਸਹਿਯੋਗ ਦਿੰਦੀ ਹੈ ,ਪਰਿਵਾਰ ਅਤੇ ਭਾਈਚਾਰੇ ਖ਼ੁਸ਼ਹਾਲੀ ਲਈ ਮਦਦ ਕਰਦੀ ਹੈ ਅਤੇ ਕੈਨੇਡੀਅਨਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਂਦੀ ਹੈ।**

**ਅਪ੍ਰੈਲ** 21 , 2015 **ਓਟਵਾ, ਓਨਟਾਰੀਓ** **ਵਿੱਤ ਵਿਭਾਗ**

**ਵਿੱਤ ਮੰਤਰੀ ਜੋਅ ਓਲੀਵਰ ਨੇ ਅਜ ਆਰਿਥਕ** ਕਾਰਜਕਾਰੀ **ਯੋਜਨਾ 2015, ਹਾਰਪਰ ਸਰਕਾਰ ਦੀ ਸੰਤੁਲਤ ਬਜਟ,** ਨੌਕਰੀਆਂ ਲਈ ਘੱਟ ਟੈਕਸ ,ਵਿਕਾਸ ਤੇ ਸੁਰੱਖਿਆ **ਦੀ ਯੋਜਨਾ** ਦਾ ਪ੍ਰਸਤਾਵ ਰੱਖਿਆ ਹੈ।

**ਆਰਿਥਕ** ਕਾਰਜਕਾਰੀ **ਯੋਜਨਾ 2015:**

- **ਹਾਰਪਰ ਸਰਕਾਰ ਦਾ 2015 ਵਿਚ ਸੰਤੁਲਤ ਬਜਟ ਦਾ ਵਾਅਦਾ ਪੂਰਾ ਕਰਨਾ। ਸਰਕਾਰ ਅੱਧੀ ਸਦੀ ਤੋਂ ਓਪਰ ਵਿਚ ਕੈਨੇਡੀਅਨਾਂ ਉੱਤੇ ਕੇਂਦਰੀ ਟੈਕਸ ਦੇ ਬੋਝ ਘੱਟ ਕਰਨ ਦੇ ਨਾਲ ਨਾਲ ਬਜਟ ਵੀ ਸੰਤੁਲਤ ਕਰੇਗੀ।**
- **ਨੌਕਰੀਆਂ ਅਤੇ ਵਿਕਾਸ ਦਰ ਨੂੰ ਸਹਿਯੋਗ** ਦੇਣਾ **,ਕੈਨੇਡਾ ਨੂੰ ਹੋਰ ਮੁਕਾਬਲੇਯੋਗ ਬਣਾ ਕੇ ਅਤੇ ਨੌਕਰੀਆਂ ਬਣਾਉਣ ਵਾਲੇ ਕਾਰੋਬਾਰਾਂ ਨੂੰ ਫੁੱਲਣ ਦੀ ਇਜਾਜ਼ਤ** ਦੇਣਾ **,ਨਵੇਂ ਅਤੇ ਨਵੀਨਤਾਕਾਰੀ ਨਿਵੇਸ਼** ਦੇਣਾ **ਜਿਹੜੇ ਕਿ ਸਰਕਾਰ ਦੇ ਇਤਿਹਾਸਕ** ਨਿਰਮਾਣ **ਸਹਿਯੋਗ 'ਤੇ ਬਣਨਗੇ ਅਤੇ ਬਹੁਤ ਹੀ ਹੁਨਰਮੰਦ ਕਰਮਚਾਰੀਆਂ ਨੂੰ ਸਿਖਲਾਈ ਦੇਣਾ ਜਿਹੜੀ ਕਿ ਮਾਲਕ ਦੀ ਲੋੜ ਮੁਤਾਬਿਕ ਹੋਏਗੀ।**
- **ਪਰਿਵਾਰਾਂ ਅਤੇ ਭਾਈਚਾਰੇ ਦੀ ਖੁਸ਼ਹਾਲੀ ਵਿਚ ਮਦਦ** ਕਰਨਾ, ਸਖਤ ਮੇਹਨਤ ਕਰਨ ਵਾਲੇ ਪਰਿਵਾਰਾਂ ਨੂੰ ਟੈਕਸ ਛੋਟ ਤੇ ਹੋਰ **ਤਰਾਂ ਦੀ** ਮਦਦ ਕਰਨੀ ਅਤੇ ਬਾਕੀ ਸਾਰਿਆਂ ਲਈ ਮੌਕੇ ਵਧਾਉਣੇ।
- **ਕੈਂਨੇਡੀਅਨਾਂ ਦੀ ਸੁਰਖਿਆ ਯਕੀਨੀ ਬਨਾਉਣੀ,** ਕੈਨੇਡੀਅਨ ਆਰਮਡ ਫੋਰਸਿਸ ਦੀ ਮਦਦ ਕਰਕੇ ਤੇ ਕੈਨੇਡੀਅਨਾ ਨੂੰ ਘਰ ਤੇ ਵਿਦੇਸ਼ ਵਿਚ ਅੱਤਵਾਦ ਤੇ ਖਤਰੇ ਤੋਂ ਬਚਾ ਕੇ।

### ਬਜਟ ਸੰਤੁਲਤ ਕਰਨਾ:

- 2015 - 2016 **ਵਿਚ ਵਡੇ ਮੰਦਵਾੜੇ ਦੇ ਸਿਖਰ ਦੌਰਾਨ** $55.6 **ਬਿਲੀਅਨ ਦੇ ਘਾਟੇ ਤੋਂ** $1.4 **ਬਿਲੀਅਨ ਅਨੁਮਾਨਿਤ ਸਰਪਲਸ ਪੇਸ਼ ਕੀਤਾ ਗਿਆ ਹੈ।**

- ਵਡੇ ਮੰਦਵਾੜੇ ਤੋਂ ਪਹਿਲਾਂ ਹਾਰਪਰ ਸਰਕਾਰ ਨੇ 37$ਬਿਲੀਅਨ ਦਾ ਭੁਗਤਾਨ ਕੀਤਾ ਇਹ ਇਕ , ਅਹਿਮ ਕਾਰਨ ਹੈ ਕਿ ਕੈਨਡਾ ਦਾ ਕੁੱਲ ਸਰਕਾਰੀ ਕਰਜਾ ਸੱਤ ਦੇਸਾਂ ਦੇ ਕਿਸੇ ਵੀ ਸਮੂਹ ) ਜੀ – (7ਦੇ ਕਰਜੇ ਤੋਂ ਘਟ ਹੈ ਅਤੇ ਜੀ 20ਦੇ ਦੇਸ਼ਾਂ ਦੇ ਘੱਟਾਂ ਵਿਚੋਂ ਘੱਟ ਹੈ।
- ਸੰਤੁਲਤ ਬਜਟ ਲੇਜਿਸਲੇਸ਼ਨ ਹਾਰਪਰ ਸਰਕਾਰ ਦੀ ਜ਼ਿੰਮੇਵਾਰ ਵਿੱਤੀ ਪ੍ਰਬੰਧਨ ਪਾਲਿਸੀ ਵੱਧਜਿਹਡੀ ਕਿ ਨੌਕਰੀਆਂ ਕਢੇਗੀ ਅਤੇ ਕੈਨੇਡੀਅਨਾਂ ਦੀ ਜੇਬ ਵਿਚ ਬਹੁਤਾ ਪੈਸਾ ਪਾਏਗੀ ਨੂੰ , ਕਾਨੂੰਨ ਵਿੱਚ ਰੱਖਣ ਦਾ ਪ੍ਰਸਤਾਵ ਰਖਿਆ ਜਾਏਗਾ।
- ਇਕ ਸੰਤੁਲਤ ਬਜਟ ਹਾਰਪਰ ਸਰਕਾਰ ਨੂੰ ਕੈਨੇਡੀਅਨ ਪਰਿਵਾਰਾਂ ਅਤੇ ਵਿਅਕਤੀਆਂ ਦੇ ਹੋਰ ਟੈਕਸ ਕਟੱਣ ਦੀ ਇਜਾਜ਼ਤ ਦਏਗਾ।

## ਨੌਕਰੀਆਂ ਅਤੇ ਵਿਕਾਸ ਦਰ ਨੂੰ ਸਹਿਯੋਗ ਦੇਣਾ:

- 2019 ਤੱਕ ਛੋਟੇ ਕਾਰੋਬਾਰ ਦਾ ਟੈਕਸ ਰੇਟ 9 % ਤੱਕਘਟਾਉਣਾ -ਅੰਦਾਜ਼ਨ$ ਤੱਕ 20-2019 2.7 ਬਿਲੀਅਨ ਨੌਕਰੀਆਂ ਕਢਣ ਵਾਲੇ ਛੋਟੇ ਕਾਰੋਬਾਰਾਂ ਅਤੇ ਉਨ੍ਹਾ ਦੇ ਮਾਲਿਕਾਂ ਦੀ ਜੇਬ ਵਿਚ ਵਾਪਸ ਪਾਉਣਾ।
- ਨਿਰਮਾਤਾਵਾਂ ਨੂੰ ਸਾਲ ਵਾਸਤੇ 10 ਤੇਜ਼ ਮਾਲੀ ਲਾਗਤ ਭੱਤਾ ਦੇਣਾ ਤਾਕਿ ਉਤਪਾਦਨ ਵਧਾਉਣ ਲਈ ਮਸ਼ੀਨਰੀ ਅਤੇ ਸਾਜ਼ੋ ਸਾਮਾਨ-ਵਿਚ ਨਿਵੇਸ਼ ਕਰਨ ਲਈ ਉਹ ਉਤਸਾਹਿਤ ਹੋਣ।
- ਫਾਰਮ ਅਤੇ ਮੱਛੀ ਫੜਨ ਦਾ ਕਾਰੋਬਾਰ ਕਰਨ ਵਾਲੇ ਮਾਲਕਾਂ ਨੂੰ ਜੀਵਨ ਭਰ ਦੇ ਲਾਭ ਵਿਚ 1 ਮਿਲੀਅਨ ਤਕ ਦੀ ਛੋਟ
- ਬਿਜਨੈਸ ਡਵੈਪਲਮੈਂਟ ਬੈਂਕ ਆਫ ਕੈਨੇਡਾ ਅਤੇ ਐਕਸਪੋਰਟ ਡਵੈਲਪਮੈਂਟ ਕੈਨੇਡਾ ਦਵਾਰਾ ਪੇਸ਼ ਕੀਤੀਆਂ ਸੇਵਾਵਾਂ ਨੂੰ ਵਧਾਉਣਾ ਤਾਂ ਕਿ ਛੋਟੇ ਤੇ ਦਰਿਮਆਨੇ ਬਿਜਨੈਸਾਂ ਨੂੰ ਮਦਦ ਮਿਲ ਸਕੇ।
- ਕੈਨੇਡਾ ਦੇ ਨੋਜੁਆਨਾਂ ਨੂੰ ਭਵਿਖ ਵਿਚ ਬਿਜਨੈਸ ਕਰਨ ਲਈ ਦੋ ਸਾਲਾਂ ਵਿਚ $14 ਮਿਲੀਅਨ ਦਾ ਸਹਿਯੋਗ ਦੇਣਾ।
- ਕਾਰੋਬਾਰੀ ਔਰਤਾਂ ਨੂੰ ਕਾਰਜਸੀਲ ਯੋਜਨਾ ਵਾਸਤੇ ਮਦਦ ਕਰਨੀ ਤਾਂ ਕਿ ਔਰਤਾਂ ਆਪਣੇ ਕਾਰੋਬਾਰ ਵਿਚ ਕਾਮਯਾਬ ਹੋ ਸਕਣ।
- ਨਵੀਆਂ ਕੰਪਨੀਆਂ ਦੀ ਵਿਕਾਸ ਤੇ ਨੌਕਰੀਆਂ ਵਧਾਉਣ ਵਿਚ ਵੈਂਚਰ ਕੈਪੀਟਲ ਐਕਸ਼ਨ ਪਲੈਨ ਰਾਂਹੀਂ ਮਦਦ ਕਰਨਾ।
- ਸੂਬੇ ਅਤੇ ਇਲਾਕਿਆਂ ਦੀ ਸਿਖਲਾਈ ਟਰੇਨਿੰਗ ਅਤੇ ਪ੍ਰਮਾਣਿਤ ਲੋੜਾਂ ਨੂੰ ਰੈਡ ਸੀਲ ਟਰੇਡ ਦੇ ਟੀਚੇ ਅਨੁਸਾਰ ਮਿਲਾਉਣ ਵਿਚ ਸਹਿਯੋਗ ਦੇਣਾ।

- **ਵਿਸ਼ਵ ਪੱਧਰ ਖੋਜ ਅਤੇ ਵਿਕਾਸ ਉਤੇ ਅਗਲੇ ਪੰਜਾਂ ਸਾਲਾਂ ਵਿਚ** $1.5 **ਬਿਲੀਅਨ ਤੋਂ ਵੱਧ ਪੈਸੇ ਦਾ ਸਰਕਾਰ ਦੀ ਨਵੀਂ ਸਾਇੰਸ, ਟੈਕਨੋਲੋਜੀ ਤੇ ਨਵੀਂ ਯੋਜ**ਨਾ **ਵਿਚ ਨਿਵੇਸ਼।**

- **ਨਿਊ ਬਿਲਿਡੰਗ ਕੈਨੇਡਾ ਪਲੈਨ ਅਧੀਨ ਐਸਤਨ** $5.3 **ਬਿਲੀਅਨ ਸੂਬਾਈ, ਇਲ਼ਾਕਾਈ ਤੇ ਮਿਊਂਸਪਿਲ** ਬੁਨਿਆਦ ਬਨਾਉਣ ਲਈ ਦਿੰਦੇ ਰਹਿਣਾ।

- 2017-18 ਤੋਂ ਸ਼ੁਰੂ ਹੋ ਕੇ ਦੋ ਸਾਲਾਂ ਵਿਚ $750 ਮਿਲੀਅਨ ਅਤੇ ਉਸ ਤੋਂ ਬਾਦ $1 ਬਿਲੀਅਨ ਹਰ ਸਾਲ, ਅਤੇ ਨਵੇਂ ਪਬਲਿਕ ਟਰਾਂਸਿਟ ਫੰਡ ਵਿਚ ਨਿਵੇਸ਼ ਕਰਨਾ, ਜਿਹੜਾ ਕਿ ਨਵੇਂ ਪਬਲਿਕ ਟਰਾਂਸਿਟ ਨਿਰਮਾਣ ਵਾਸਤੇ ਹੈ, ਤਾਂ ਕਿ ਵੱਡੇ ਸ਼ਹਿਰਾਂ ਵਿਚ ਟਰੈਫਿਕਾਂ ਦੇ ਜਾਮ ਅਤੇ ਰੁਕਾਵਟਾਂ ਨੂੰ ਘਟਾਇਆ ਜਾ ਸਕੇ।

**ਪਰਿਵਾਰਾਂ ਅਤੇ ਭਾਈਚਾਰੇ ਦੀ ਖੁਸ਼ਹਾਲੀ ਵਿਚ ਮਦਦ:**

- 2015 ਤੋਂ ਸ਼ੁਰੂ ਹੋ ਕੇ, ਆਉਣ ਵਾਲੇ ਸਾਲਾਂ ਤਕ, ਟੈਕਸ ਫਰੀ ਅਕਾਊਂਟ ਦੀ ਸਾਲਾਨਾ ਯੋਗਦਾਨ ਦੀ ਸੀਮਾ $10,000 ਤਕ ਕਰਨਾ।
- ਰਜਿਸਟਰਡ ਰੀਟਾਇਰਮੈਂਟ ਇਨਕਮ ਫੰਡ ਵਿਚੋਂ ਬਜ਼ੁਰਗਾਂ ਵਾਸਤੇ ਘੱਟੋ ਘੱਟ ਪੈਸੇ ਕਢਾਉਣ ਦੀ ਸੀਮਾ ਨੂੰ ਘਟਾਉਣਾ ਤਾਕਿ ਉਹ ਆਪਣੇ ਰੀਟਾਇਰਮੈਂਟ ਬੱਚਤ ਨੂੰ ਰੀਟਾਇਰਮੈਂਟ ਤੇ ਆਮਦਨੀ ਦੀਆਂ ਲੋੜਾਂ ਵਾਸਤੇ ਬੇਹਤਰ ਵਰਤ ਸਕਣ।
- ਬਜ਼ੁਰਗਾਂ ਅਤੇ ਅਯੋਗ ਵਿਅਕਤੀਆਂ ਦੀ ਮਦਦ ਲਈ ਘਰੇਲੂ ਪਹੁੰਚ ਟੈਕਸ ਕਰੈਡਿਟ ਲਾਭ (ਹੋਮ ਅਕਸੈਸੇਬਿਲਟੀ ਟੈਕਸ ਕਰੈਡਿਟ) ਦੀ ਜਾਣਕਾਰੀ ਕਰਾਉਣਾ, ਤਾਂ ਜੋ ਉਹ ਆਪਣਾ ਘਰ ਨੂੰ ਸੁਰੱਖਿਅਤ ਤੇ ਪਹੁੰਚਣ ਯੋਗ ਬਨਾਉਣ ਲਈ ਮੁਰੰਮਤ ਕਰਵਾ ਸਕਣ ਤਾਂ ਕਿ ਉਹ ਆਪਣੇ ਘਰਾਂ ਵਿਚ ਆਜ਼ਾਦੀ ਨਾਲ ਰਹਿ ਸਕਣ।
- ਕੈਨੇਡਾ ਸਟੂਡੈਂਟ ਗਰਾਂਟ ਨੂੰ ਘੱਟ ਤੇ ਦਰਮਿਆਨੀ ਆਮਦਨ ਵਾਲਿਆਂ ਲਈ ਛੋਟੀ ਮਿਆਦ ਵਾਲੀ ਉਚ ਪੱਧਰੀ ਸਿਖਿਆ ਵਾਸਤੇ ਅਧਿਕਾਰਤਾ ਦੀ ਪਹੁੰਚ ਨੂੰ ਵਧਾਉਣਾ।
- ਕੈਨੇਡਾ ਸਟੂਡੈਂਟ ਲੋਨ ਪ੍ਰੋਗ੍ਰਾਮ ਦਾ ਪਰਿਵਾਰਾਂ ਲਈ ਆਸਾਨ ਬਨਾਉਣਾ, ਲੋੜ ਦੀ ਜਾਂਚ ਦੀ ਕਾਰਵਾਈ ਕਰਕੇ, ਪਰਿਵਾਰਿਕ ਯੋਗਦਾਨ ਨੂੰ ਘੱਟ ਕਰਕੇ।
- 2016-17 ਤੋਂ ਸ਼ੁਰੂ ਕਰਕੇ, ਚਾਰ ਸਾਲਾਂ ਵਿਚ ਸਾਡੇ ਭਾਈਚਾਰੇ ਵਿਚ ਕਮਜ਼ੋਰ ਵਰਗ ਨੂੰ $150 ਮਿਲੀਅਨ ਤੋਂ ਵੱਧ ਪ੍ਰਦਾਨ ਕਰਨਾ, ਕੈਨੇਡਾ ਵਿਚ ਸੋਸ਼ਲ ਹਾਊਸਿੰਗ ਲਈ ਮਦਦ ਕਰਕੇ, ਸੋਸ਼ਲ ਹਾਊਸਿੰਗ ਦੇਣ ਵਾਲਿਆਂ ਨੂੰ ਉਹਨਾਂ ਦੀ ਮੋਰਟਗੇਜ ਬਿਨਾ ਜੁਰਮਾਨੇ ਤੋਂ, ਬਿਨਾਂ ਨਵੀਂਕਰਣ ਤੋਂ, ਲੰਬੇ ਸਮੇਂ ਵਾਸਤੇ ਪਹਿਲਾਂ ਤੋਂ ਹੀ ਦੇ ਕੇ।
- ਘੱਟ ਨਜ਼ਰ ਵਾਲਿਆਂ ਲਈ ਲਿਖਤੀ ਮਟੀਰੀਅਲ ਵਾਸਤੇ ਬੇਹਤਰ ਪਹੁੰਚ।
- ਅਗਲੇ ਪੰਜਾ ਸਾਲਾਂ ਵਿਚ 5.7 ਮਿਲੀਅਨ ਤੋਂ ਵੱਧ ਦੀ ਮਦਦ, ਕਨੈਡੀਅਨ ਸੀਲ ਪਰੋਡਕਟਸ ਵਾਸਤੇ ਨਵੀਂ ਮਾਰਕਿਟ ਪਹੁੰਚ ਲਈ।
- ਵੈਟਰਨ ਤੇ ਉਹਨਾਂ ਦੇ ਪਰਿਵਾਰਾਂ ਨੂੰ ਤੱਸਲੀ ਦਿਵਾਉਣਾ, ਇਹ ਮਦਦ ਕਰਦਿਆਂ: ਦਰਮਿਆਨੀ ਤੋਂ ਸੱਖਤ ਅਯੋਗਤਾ ਵਾਲੇ ਵੈਟਰਨਾਂ ਵਾਸਤੇ ਨਵੀਂ ਰੀਟਾਇਰਮੈਂਟ ਇਨਕਮ ਸਿਕਿਉਰਟੀ ਬੈਨੀਫਿਟ ਦੀ ਮਦਦ ਕਰਦਿਆਂ; ਅਯੋਗ ਵੈਟਰਨਾਂ ਵਾਸਤੇ ਪੱਕੀ ਅਯੋਗਤਾ ਦੇ ਭੱਤੇ ਨੂੰ ਵਧਾ ਕੇ; ਅਯੋਗ ਪਾਰਟ ਟਾਈਮ ਰੀਜ਼ਰਵ ਫੋਰਸ ਵੈਟਰਨਾਂ ਲਈ ਆਮਦਨ ਨੁਕਸਾਨ ਲਾਭ ਨੂੰ ਵਧਾ ਕੇ; ਨਵਾਂ ਟੈਕਸ ਫਰੀ ਪਰਿਵਾਰ ਦੀ ਦੇਖ ਭਾਲ ਦੇ ਰਿਲੀਫ ਫੰਡ ਦਾ ਨਿਰਮਾਣ ਕਰਕੇ; ਅਤੇ ਵੈਟਰਨਾਂ ਦੀ ਇਕਲਿਆਂ ਦੀ ਸਪੋਰਟ ਦਾ ਲੈਵਲ ਵਧਾ ਕੇ।
- ਛੇ ਹਫਤੇ ਤੋਂ ਛੇ ਮਹੀਨੇ ਤਕ ਦੀ ਮਦਦ ਉਹਨਾਂ ਕਨੇਡੀਅਨ ਦੇਖ ਭਾਲ ਕਰਨ ਵਾਲਿਆਂ ਵਾਸਤੇ, ਜਿਹਨਾਂ ਦੇ ਪਰਿਵਾਰਿਕ ਮੈਂਬਰ ਸਖਤ ਬੀਮਾਰੀ ਜਾਂ ਮੌਤ ਨਾਲ ਜੂਝ ਰਹੇ ਹਨ, ਵਾਸਤੇ ਦਿਆਲੂ ਦੇਖ ਭਾਲ ਦੀ ਮਦਦ, ਰੋਜ਼ਗਾਰ ਇਨਸ਼ੋਰੈਂਸ ਵਧਾਉਂਦੇ ਹੋਏ।

**ਕਨੇਡੀਅਨਾਂ ਦੀ ਸੁਰੱਖਿਆ ਯਕੀਨੀ ਬਨਾਉਣਾ:**

- 10 ਸਾਲ ਵਿਚ 12 ਬਿਲੀਅਨ ਡਾਲਰ ਦੇ ਕਰੀਬ, ਕੈਨੇਡੀਅਨ ਆਰਮਡ ਫੋਰਸਿਸ ਦੀ ਨੈਸ਼ਨਲ ਡੀਫੈਂਸ ਫੰਡਿੰਗ ਨੂੰ ਵਧਾਉਣਾ, ਇਹ ਪੱਕਾ ਕਰਨ ਲਈ ਕਿ ਕੈਨੇਡਾ ਦੀ ਫੌਜ ਘਰ ਤੇ ਵਿਦੇਸ਼ ਵਿਚ ਮੁਕਾਬਲਾ ਕਰਨ ਲਈ ਤਿਆਰ ਹੈ।
- 2015-16 ਵਿਚ $360 ਮਿਲੀਅਨ ਤਕ ਦੀ ਨੈਸ਼ਨਲ ਸੁਰੱਖਿਆ ਦੀ ਮਦਦ ਕਰਨਾ, ਕੈਨੇਡੀਅਨ ਆਰਮਡ ਫੋਰਸਿਸ ਦੇ ਆਈ ਐਸ ਆਈ ਐਸ ਦੇ ਮੁਕਾਬਲੇ ਵਾਸਤੇ।
- ਰੋਇਲ ਕੈਨੇਡੀਅਨ ਮਾਊਂਟਿਡ ਪੁਲਿਸ, ਕੈਨੇਡੀਅਨ ਸਿਕਿਉਰਟੀ ਇਨਟੈਲੀਜੈਂਸ ਸਰਵਿਸਜ਼ ਤੇ ਕੈਨੇਡਾ ਬੋਰਡਰ ਸਰਵਿਸ ਏਜੰਸੀ ਨੂੰ ਅੱਤਵਾਦ ਦੇ ਮੁਕਾਬਲੇ ਵਾਸਤੇ ਵਧੇਰੇ ਸਾਧਨਾਂ ਵਾਸਤੇ ਮਦਦ ਕਰਨਾ।
- ਬਾਹਰਲੀ ਤਾਕਤ ਇਕੱਠੀ ਕਰਨ ਵਾਸਤੇ ਕੈਨੇਡਾ ਦੀ ਯੋਗਤਾ ਵਧਾਉਣਾ।
- ਸਾਡੀਆਂ ਸਰੱਹਦਾਂ ਦੇ ਮਾਣ ਨੂੰ ਬਚਾਉਣ ਲਈ, ਚੋਣਵੇਂ ਮੁਲਕਾਂ ਤੋਂ ਵੀਜ਼ਾ ਲੈ ਕੇ ਆਏ ਘੱਟ ਖਤਰੇ ਵਾਲੇ ਮੁਸਾਫਿਰਾਂ ਦਾ ਕੈਨੇਡਾ ਵਿਚ ਕਾਨੂੰਨੀ ਤੌਰ ਤੇ ਆਉਣਾ ਆਸਾਨ ਬਨਾਉਣਾ।

**ਜ਼ਰੂਰੀ ਤੱਥ**

- ਆਮ ਕੈਨੇਡੀਅਨ ਚਾਰ ਜੀਆਂ ਦੇ ਪਰਿਵਾਰ ਵਿਚ ਦੋ ਕਮਾਉਣ ਵਾਲਿਆਂ ਲਈ ਟੈਕਸ ਛੋਟ ਤੇ 2015 ਵਿਚ $6,600 ਦੀ ਮਦਦ ਵਧਾਉਣੀ, ਹਾਰਪਰ ਸਰਕਾਰ ਦੀ ਟੈਕਸ ਕਟੌਤੀ ਤੇ ਲਾਭ ਵਿਚ ਵਾਧੇ ਕਰਕੇ।
- ਸਰਕਾਰ ਨੇ ਆਉਣ ਤੋਂ ਬਾਦ ਹਰ ਸਾਲ ਟੈਕਸ ਘਟਾਏ ਹਨ, ਅਸਲ ਵਿਚ ਪਿਛਲੇ 50 ਸਾਲਾਂ ਤੋਂ ਹੁਣ ਫੈਡਰਲ ਟੈਕਸ ਦਾ ਬੋਝ ਸਭ ਤੋਂ ਘੱਟ ਪੱਧਰ ਤੇ ਹੈ।
- ਜੂਨ 2009 ਦੇ ਅਖੀਰ ਦੀ ਮੰਦਹਾਲੀ ਖਤਮ ਹੋਣ ਤੋਂ ਬਾਦ, 1.2 ਮਿਲੀਅਨ ਤੋਂ ਵੱਧ ਕੈਨੇਡੀਅਨ ਹੁਣ ਕੰਮ ਕਰ ਰਹੇ ਹਨ। ਜ਼ਿਆਦਾਤਰ ਇਹ ਨਵੀਆਂ ਨੌਕਰੀਆਂ ਪਰਾਈਵੇਟ ਸੈਕਟਰ ਕੰਪਨੀਆਂ ਵਿਚ ਵੱਧ ਤਨਖਾਹ ਵਾਲੀਆ ਫੁਲ ਟਾਈਮ ਹਨ।
- ਜੀ-7 ਮੁਲਕਾਂ ਵਿਚ ਮੰਦਹਾਲੀ ਵਿਚੋਂ ਬਾਹਰ ਆਣ ਦੀ ਕੈਨੇਡਾ ਦੀ ਆਰਥਿਕ ਪਰਦਰਸ਼ਨੀ ਸਭ ਤੋਂ ਵਧੀਆ ਹੈ।
- ਅਸਲੀ ਜੀ ਡੀ ਪੀ (ਗਰੌਸ ਡੌਮੈਸਟਿਕ ਪਰੋਡਕਟ) ਮੰਦਹਾਲੀ ਤੋਂ ਪਹਿਲਾਂ ਦੀ ਸਥਿਤੀ ਤੋਂ ਕਾਫੀ ਉਪਰ ਹੈ-ਜੀ-7 ਵਿਚ ਸਭ ਤੋਂ ਵਧੀਆ।
- ਵਰਲਡ ਇਕਨੋਮਿਕ ਫੋਰਮ ਨੇ ਲਗਾਤਾਰ ਸੱਤਵੇਂ ਸਾਲ ਕੈਨੇਡਾ ਦੇ ਬੈਂਕ ਸਿਸਟਮ ਨੂੰ ਦੁਨੀਆਂ ਵਿਚ ਸਭ ਤੋਂ ਸਥਿਰ ਹੋਣ ਦਾ ਦਰਜਾ ਆਪਣੀ *ਗਲੋਬਲ ਕੰਪੈਟੇਟਿਵ ਰੀਪੋਰਟ* ਵਿਚ ਦਿਤਾ ਹੈ।
- ਕੇ ਪੀ ਐਮ ਜੀ ਦੇ ਮੁਤਾਬਿਕ, ਕੈਨੇਡਾ ਵਿਚ ਕੁੱਲ ਬਿਜ਼ਨੈਸ ਟੈਕਸ ਲਾਗਤ ਜੀ-7 ਵਿਚ ਸਭ ਤੋਂ ਘੱਟ ਹੈ ਅਤੇ ਅਮਰੀਕਾ ਨਾਲੋਂ 46% ਘੱਟ ਹੈ।
- ਬਲੂਮਬਰਗ ਨੇ ਕੈਨੇਡਾ ਨੂੰ ਦੁਨੀਆਂ ਵਿਚ ਬਿਜਨੈਸ ਕਰਨ ਦਾ ਦੂਸਰੇ ਵਧੀਆ ਸਥਾਨ ਦਾ ਦਰਜਾ ਦਿਤਾ ਹੈ।
- ਚਾਰ ਕਰੈਡਿਟ ਰੇਟਿੰਗ ਏਜੰਸੀਆਂ - ਮੂਡੀ ਇਨਵੈਸਟਰ ਸਰਵਿਸਜ਼, ਫਿਚ ਰੇਟਿੰਗਜ਼, ਸਟੈਂਡਰਡ ਐਂਡ ਪੂਅਰਜ਼ ਐਂਡ ਡੀ ਬੀ ਆਰ ਐਸ --ਨੇ ਕੈਨੇਡਾ ਦੀ ਉਚ ਰੇਟਿੰਗ ਨੂੰ ਮੁੜ ਪੱਕਾ ਕੀਤਾ ਅਤੇ ਇਹ ਉਮੀਦ ਕੀਤੀ ਜਾਂਦੀ ਹੈ ਕਿ ਕੈਨੇਡਾ ਆਉਣ ਵਾਲੇ ਸਾਲ ਵਿਚ ਆਪਣੀ ਏ ਏ ਏ ਦੀ ਰੇਟਿੰਗ ਕਾਇਮ ਰੱਖੇਗਾ।

**ਹਵਾਲਾ**

"ਵਿਤੀ ਕਾਰਜਕਾਰੀ ਯੋਜਨਾ 2015 ਵਿਚ ਨੋਕਰੀਆਂ ਕਢੇਗੀ, ਵਿਕਾਸ ਹੋਵੇਗਾ ਤੇ ਲੰਬੇ ਸਮੇਂ ਲਈ ਖੁਸ਼ਹਾਲੀ ਆਵੇਗੀ। ਸਾਡੇ ਵਾਅਦੇ ਮੁਤਾਬਿਕ, ਇਹ ਇਕ ਸੰਤੁਲਿਤ ਬਜੱਟ ਹੈ, ਜੋ ਸਖਤ ਮੇਹਨਤ ਕਰਨ ਵਾਲੇ ਵਿਅਕਤੀ ਅਤੇ ਪਰਿਵਾਰਾਂ ਦਾ ਟੈਕਸ ਘਟਾਉਂਦਾ ਹੈ। ਇਹ ਸੂਝਵਾਨ ਤੇ ਸਿਧਾਂਤਮਈ ਯੋਜਨਾ ਹੈ ਜਿਹੜੀ ਕੈਨੇਡੀਅਨਾਂ ਨੂੰ ਹੋਰ ਵੀ ਖੁਸ਼ਹਾਲ, ਸੁਰਖਿਅਤ ਤੇ ਦੇਸ਼ ਦਾ ਦੁਨੀਆਂ ਵਿਚ ਸਥਾਨ ਹੋਰ ਵੀ ਮਜ਼ਬੂਤ ਬਣਾਵੇਗੀ। ਪ੍ਰਧਾਨ ਮੰਤਰੀ ਦੀ ਮਜ਼ਬੂਤ ਅਗਵਾਈ ਦੇ ਹੇਠਾਂ ਕੈਨੇਡੀਅਨ ਇਸ ਗਲ ਦੀ ਤਸੱਲੀ ਕਰ ਸਕਦੇ ਹਨ ਕਿ ਕੈਨੇਡਾ ਦੀ ਮਾਲੀ ਸਥਿਤੀ ਸਹੀ ਹੈ."

*ਜੋਅ ਓਲੀਵਰ, ਮਨਿਸਟਰ ਆਫ ਫਾਈਨਾਂਸ*

**ਸਬੰਧਿਤ ਲਿੰਕ**

- http://www.canada.ca/budget2015

**ਸੰਪਰਕ:**


Melissa Lantsman
Director of Communications
Office of the Minister of Finance
613-369-5696

Stéphanie Rubec
Media Relations
Department of Finance
613-369-4000


*ਸਾਰੀਆਂ ਅਖਬਾਰਾਂ ਦੀਆਂ ਰਿਲੀਜ਼ਾਂ ਵਾਸਤੇ ਈ-ਮੇਲ ਲੈਣ ਲਈ, ਕ੍ਰਿਪਾ ਕਰਕੇ ਇਥੇ ਰਜਿਸਟਰ ਕਰੋ:*

www.fin.gc.ca/scripts/register-eng.asp.